# ਜਲਸਾ ਸਲਾਨਾ ਜਰਮਨੀ ਦਾ ਸਫ਼ਲ ਆਯੋਜਨ

# ਪ੍ਰਬੰਧਕਾਂ ਅਤੇ ਡਿਊਟੀ ਦੇਣ ਵਾਲਿਆਂ ਨੂੰ ਨਸੀਹਤਾਂ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 08 ਸਤੰਬਰ 2023 ਮਸਜਿਦ ਬੈਅਤਸੁੱਬੂਹ, ਫ਼ਰੈਂਕਫ਼ਰਟ, ਜਰਮਨੀ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

**ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :**

**ਰਬੱ ਦੀ ਅਪਾਰ ਕਿਰਪਾ ਅਤੇ ਮਿਹਰ ਹੈ ਕਿ ਜਮਾਅਤੇ ਅਹਮਦੀਆ ਜਰਮਨੀ ਦਾ ਜਲਸਾ ਸਲਾਨਾ ਪਿਛੱਲੇ ਹਫ਼ਤੇ ਸਫ਼ਲਤਾ ਨਾਲ ਆਯੋਜਿਤ ਹੋਇਆ। ਸਭ ਤੋਂ ਪਹਿਲਾਂ ਤਾਂ ਅਸੀਂ ਰਬੱ ਦਾ ਧੰਨਵਾਦ ਕਰਨਾ ਚਾਹੁੰਣੇ ਆ ਕਿ ਉਸ ਨੇ ਸਾਨੂੰ ਇਕੱ ਲੰਮੇ ਸਮੇਂ ਬਾਦ ਵੱਡੇ ਪਧੱਰ ਉੱਤੇ ਆਮ ਹਾਲਾਤਾਂ ਅਨੁਸਾਰ ਜਲਸਾ ਆਯੋਜਿਤ ਕਰਨ ਦੀ ਤੌਫ਼ੀਕ ਬਖ਼ਸ਼ੀ।**

**ਪ੍ਰਬੰਧਕਾਂ ਅਤੇ ਸਰੋਤਿਆਂ ਨੂੰ ਰਬੱ ਦਾ ਧੰਨਵਾਦ ਕਰਨਾ ਚਾਹੀਦਾ ਹੈ। ਡਿਊਟੀ ਦੇਣ ਵਾਲਿਆਂ ਨੂੰ ਵੀ ਧੰਨਵਾਦ ਕਰਨਾ ਚਾਹੀਦਾ ਹੈ ਕਿ ਰਬੱ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾਂ ਦੀ ਸੇਵਾ ਕਰਨ ਦੀ ਤੌਫ਼ੀਕ ਬਖ਼ਸ਼ੀ। ਇਸ ਵੱਡੇ ਪ੍ਰਬੰਧ ਵਿਚੱ ਬਹੁਤ ਸਾਰੀਆਂ ਕਮੀਆਂ ਰਹਿ ਗਈਆਂ ਹੋਣਗੀਆਂ। ਕੁਝੱ ਮਹਿਮਾਨਾਂ ਨੂੰ ਵੀ ਤਕਲੀਫ਼ ਚੁਕੱਣੀ ਪਈ ਹੋਵੇਗੀ। ਪਰ ਕਿਉਂਕਿ ਧਾਰਮਿਕ ਉਦੇਸ਼ ਲਈ ਆਏ ਸਨ। ਇਸ ਲਈ ਉਹਨਾਂ ਨੇ ਕੋਈ ਸ਼ਕਾਯਤ ਨਹੀਂ ਕੀਤੀ। ਪਰ ਮੈਨੂੰ ਪਤਾ ਲਗਿੱਆ ਕਿ ਕੁਝੱ ਪ੍ਰਬੰਧ ਸਹੀ ਨਹੀਂ ਸਨ।**

**ਡਿਊਟੀ ਦੇਣ ਵਾਲਿਆਂ ਨੇ ਤਾਂ ਬਹੁਤ ਮਿਹਨਤ ਨਾਲ ਆਪਣੇ ਕਰਤਵੱ ਨਿਭਾਏ। ਜਿੱਥੇ ਉਹਨਾਂ ਦੀ ਜਾਂ ਵਿਭਾਗ ਵਿਚੱ ਕੋਈ ਕਮਜ਼ੋਰੀ ਪ੍ਰਕਟ ਹੋਈ ਤਾਂ ਉਹ ਉਹਨਾਂ ਦੇ ਅਫ਼ਸਰਾਂ ਦੀ ਗ਼ਲਤ ਹਦਾਯਤ ਕਰਕੇ ਹੋਈ। ਜਿੱਥੇ ਮਹਿਮਾਨਾਂ ਨੂੰ ਤਕਲੀਫ਼ ਪਹੁੰਚੀ, ਉੱਥੇ ਅਫ਼ਸਰ ਜ਼ਿੰਮੇਦਾਰ ਸਨ। ਅਸਤਗ਼ਫ਼ਾਰ ਕਰਨਾ ਚਾਹੀਦਾ ਅਤੇ ਅੱਗੇ ਲਈ ਲਾਲ ਕਿਤਾਬ ਵਿਚੱ ਲਿਖੱ ਕੇ ਦਰੁਸਤੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।**

**ਲਿਫ਼ਟ ਕੰਮ ਨਹੀਂ ਕਰ ਰਹੀ ਸੀ। ਇਸ਼ਨਾਨ ਘਰਾਂ ਦੀ ਬਹੁਤ ਘਾਟ ਸੀ। ਪਾਣੀ ਦਾ ਪ੍ਰਬੰਧ ਠੀਕ ਨਹੀਂ ਸੀ। ਸਿਕਯੋਰਟੀ ਵਾਲੇ ਬਿਨਾਂ ਕਿਸੇ ਕਾਰਨ ਦੇ ਅੜਚਣਾਂ ਪਾਉਂਦੇ ਰਹੇ। ਅਨੁਵਾਦ ਵਿਚੱ ਵੀ ਮੁਸ਼ਕਿਲ ਦਾ ਸਾਮ੍ਹਣਾ ਹੋਇਆ। ਆਵਾਜ਼ ਦਾ ਮਸਲਾ ਵੀ ਰਿਹਾ। ਕੁਝੱ ਮਹਿਮਾਨਾਂ ਨੇ ਸ਼ਕਾਯਤ ਕੀਤੀ ਕਿ ਅਸੀਂ ਖ਼ੁਤਬਾ ਨਹੀਂ ਸੁਣ ਸਕੇ ਜਲਸੇ ਦੇ ਦੌਰਾਨ ਵੀ ਮੈਂ ਪ੍ਰਬੰਧਕਾਂ ਨੂੰ ਦਸੱਦਾ ਰਿਹਾ। ਅਫ਼ਸਰ ਜਲਸਾ ਸਲਾਨਾ, ਅਫ਼ਸਰ ਪੰਡਾਲ ਅਤੇ ਆਵਾਜ਼ ਦੇ ਵਿਭਾਗ ਦੇ ਇੰਚਾਰਜ ਇਸ ਦੇ ਜ਼ਿੰਮੇਦਾਰ ਹਨ। ਲੋਕ ਇੱਥੇ ਜਲਸਾ ਸੁਣਨ ਆਉਂਦੇ ਹਨ। ਜੇਕਰ ਸੁਣਾਉਣ ਦਾ**

ਪ੍ਰਬੰਧ ਠੀਕ ਨਹੀਂ ਤਾਂ ਫ਼ਿਰ ਜਲਸੇ ਦਾ ਲਾਭ ਕੀ ਹੈ । ਬਾਕੀ ਪ੍ਰਬੰਧਾਂ ਵਿਚੱ ਕਮੀਆਂ ਬਰਦਾਸ਼ਤ ਹੋ ਜਾਂਦੀਆਂ ਹਨ ਪਰ ਜਲਸਾ ਸੁਣਨ ਦੇ ਪ੍ਰਬੰਧਾਂ ਵਿਚੱ ਕੋਈ ਕਮੀ ਬਰਦਾਸ਼ਤ ਨਹੀਂ ਹੋ ਸਕਦੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਕੋਈ ਮੈਲਾ ਨਹੀਂ ਹੈ ਕਿ ਜਿੱਥੇ ਲੋਕ ਜਮ੍ਹਾ ਹੋ ਜਾਣ । ਆਵਾਜ਼ ਨ ਆਉਣ ਕਰਕੇ ਕੁਝੱ ਥਾਵਾਂ ਉੱਤੇ ਪਿੱਛੇ ਮੈਲਾ ਬਣਿਆ ਹੋਇਆ ਸੀ । ਮੇਰੇ ਅੰਦਾਜ਼ੇ ਅਨੁਸਾਰ ਘੱਟੋ ਘਟੱ ਅਠੱ ਹਜ਼ਾਰ ਲੋਕ ਅਜਿਹੇ ਹੋਣਗੇ । ਜਿੰਨ੍ਹਾਂ ਨੇ ਜਲਸਾ ਸਹੀ ਢੰਗ ਨਾਲ ਨਹੀਂ ਸੁਣਿਆ । ਪ੍ਰਬੰਧਕ, ਲੋਕਾਂ ਨੂੰ ਜ਼ਿੰਮੇਦਾਰ ਕਰਾਰ ਦਿੰਦੇ ਹਨ । ਜੇਕਰ ਲੋਕ ਗੱਲ੍ਹਾਂ ਕਰ ਰਹੇ ਸਨ ਤਾਂ ਤਰਬੀਅਤ (ਸਿਖੱਲਾਈ) ਦੀ ਕਮੀ ਹੈ ਅਤੇ ਮਿਸ਼ਨਰੀ ਇੰਚਾਰਜ ਅਤੇ ਮੁਰੱਬੀਯਾਨ ਇਸ ਦੇ ਜ਼ਿੰਮੇਦਾਰ ਹਨ ਕਿ ਕਿਉਂ ਸਾਰਾ ਸਾਲ ਤਰਬੀਅਤ ਨਹੀਂ ਕਰਦੇ । ਲੋਕਾਂ ਨੂੰ ਦੋਸ਼ ਨ ਦਿਓ । ਅਹਮਦੀ ਨੂੰ ਧਿਆਨ ਦੁਆਇਆ ਜਾਏ ਤਾਂ ਆਮ ਤੌਰ ਉੱਤੇ ਚੰਗਾ ਨਤੀਜਾ ਨਿਕਲਦਾ ਹੈ ਇਸ ਵਾਰ ਔਰਤਾਂ ਵਿਚੱ ਮਰਦਾਂ ਤੋਂ ਚੰਗਾ ਕੰਟਰੋਲ ਸੀ । ਮਰਦਾਂ ਦੇ ਤਰਬੀਅਤ ਦੇ ਵਿਭਾਗ ਨੂੰ ਆਪਣੀ ਚਿੰਤਾ ਕਰਨੀ ਚਾਹੀਦੀ ਹੈ ।

ਤਰੱਕੀ ਕਰਨ ਵਾਲੀ ਕੌਮਾਂ ਆਪਣੀ ਕਮਜ਼ੋਰੀਆਂ ਉੱਤੇ ਨਜ਼ਰ ਰਖੱਣ ਤਾਂ ਹੀ ਕਾਮਯਾਬ ਹੁੰਦੀਆਂ ਹਨ । ਸਭ ਠੀਕ ਹੈ ਕਹਿ ਕਿ ਤਰੱਕੀ ਦੀ ਰਾਹ ਬੰਦ ਨ ਕਰਨ ਅਤੇ ਨ ਇਸ ਵਿਚੱ ਸ਼ਰਮ ਦੀ ਗਲੱ ਹੈ । ਰਬੱ ਵਿਭਾਗਾਂ ਦੇ ਅਫ਼ਸਰਾਂ ਨੂੰ ਆਪਣੀ ਪੜ੍ਹਚੋਲ ਕਰਨ ਦੀ ਤੌਫ਼ੀਕ ਬਖ਼ਸ਼ੇ । ਇਹਨਾਂ ਸਾਰੀਆਂ ਕਮਜ਼ੋਰੀਆਂ ਦੇ ਬਾਦ ਵੀ ਰਬੱ ਦੀ ਸਾਡੀ ਉੱਤੇ ਇਹ ਕਿਰਪਾ ਹੈ ਕਿ ਉਸ ਨੇ ਸਾਡੀ ਕਮਜ਼ੋਰੀਆਂ ਦਾ ਪਰਦਾ ਰਖਿੱਆ ਅਤੇ ਜਲਸੇ ਉੱਤੇ ਆਏ ਹੋਏ ਮਹਿਮਾਨਾਂ ਨੇ ਆਮ ਤੌਰ ਉੱਤੇ ਚੰਗਾ ਅਸਰ ਲਿਆ ਹੈ । ਮਹਿਮਾਨਾਂ ਨੇ ਗ਼ੈਰ ਮਾਮੂਲੀ ਵਿਚਾਰ ਪ੍ਰਕਰ ਕੀਤੇ । ਜਮਾਅਤ ਜਰਮਨੀ ਨੂੰ ਰਬੱ ਦਾ ਬਹੁਤ ਧੰਨਵਾਦ ਕਰਨਾ ਚਾਹੀਦਾ ਹੈ ਕਿ ਉਸ ਨੇ ਇਸ ਜਲਸੇ ਕਰਕੇ ਲੋਕਾਂ ਨੂੰ ਇਸਲਾਮ ਦੀ ਹਕੀਕੀ ਸਿਖਿੱਆ ਪੇਸ਼ ਕਰਨ ਦੀ ਤੌਫ਼ੀਕ ਬਖ਼ਸ਼ੀ ।

ਹਜ਼ੂਰੇ ਅਨਵਰ ਨੇ ਮਹਿਮਾਨਾਂ ਦੇ ਵਿਚਾਰ ਪ੍ਰਕਟ ਕਰਦੇ ਹੋਏ ਫ਼ਰਮਾਇਆ ਕਿ ਬਲਗ਼ਾਰੀਆ ਦੀ ਇਕੱ ਈਸਾਈ ਔਰਤ ਵੈਰੋਨੀਕਾ ਸਾਹਿਬਾ, ਜੋ ਵਕੀਲ ਅਤੇ ਪੀ ਐਚ ਡੀ ਡਾਕਟਰ ਹਨ, ਕਹਿੰਦੀ ਹਨ ਕਿ ਅਜਿਹਾ ਸ਼ਾਨਦਾਰ ਜਲਸਾ ਆਯੋਜਿਤ ਕੀਤਾ ਗਿਆ ਕਿ ਕਿਸੇ ਮੁਖੱ ਉੱਤੇ ਘਬਰਾਹਟ ਅਤੇ ਪਰੈਸ਼ਾਨੀ ਨਹੀਂ ਵੇਖੀ । ਮੈਨੂੰ ਇਸ ਆਯੋਜਨ ਨੇ ਅਧਿਆਤਮਿਕ ਤੌਰ ਉੱਤੇ ਨਿਹਾਲ ਕੀਤਾ । ਬਲਗ਼ਾਰੀਆ ਦੀ ਇਕੱ ਹੋਰ ਈਸਾਈ ਔਰਤ ਨਤਾਲੀਆ ਕਹਿੰਦੀ ਹਨ ਕਿ ਇਹ ਜਲਸਾ ਮੇਰੇ ਦਿਮਾਗ਼ ਵਿਚੱ ਨਕਸ਼ ਰਹੇਗਾ । ਪਹਿਲੀ ਵਾਰ ਹਜ਼ਾਰਾਂ ਮੁਸਲਮਾਨਾਂ ਨੂੰ ਨਾਲ ਇਬਾਦਤ ਕਰਦੇ ਵੇਖਿਆ । ਸਾਰੇ ਲੋਕ ਖ਼ੁਸ਼ੀ ਨਾਲ ਪੇਸ਼ ਆਏ । ਖ਼ਲੀਫ਼ਾ ਦਾ ਖ਼ਿਤਾਬ ਅਸਰ ਕਰਨ ਵਾਲਾ ਸੀ ।

ਮਕਦੋਨੀਆ ਦੀ ਇਕੱ ਈਸਾਈ ਪਤੱਰਕਾਰ ਕਹਿੰਦੀ ਹਨ ਕਿ ਜਲਸੇ ਦਾ ਪ੍ਰਬੰਧ ਬਹੁਤ ਉਚੱਤਮ ਪਧੱਰ ਉੱਤੇ ਸੀ । ਮੇਰੇ ਲਈ ਵੱਡਾ ਮਾਣ ਹੈ ਕਿ ਮੈਂ ਇਕੱ ਅਜਿਹੇ ਜਲਸੇ ਵਿਚੱ ਸ਼ਾਮਿਲ ਹੋਈ । ਜਿਸ ਵਿਚੱ ਵੱਖੋ ਵਖੱ ਧਰਮਾਂ ਅਤੇ ਕੌਮਾਂ ਦੇ ਲੋਕ ਸ਼ਾਮਿਲ ਸਨ । ਮਕਦੋਨੀਆ ਹੀ ਦੇ ਇਕੱ ਹੋਰ ਪਤੱਰਕਾਰ ਕਹਿੰਦੇ ਹਨ ਕਿ ਖ਼ਲੀਫ਼ਾ ਦੇ ਵੱਖੋ ਵਖੱ ਵਿਸ਼ਿਆਂ ਉੱਤੇ ਦਿੱਤੇ ਖ਼ਿਤਾਬਾਂ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ । ਬਹੁਤ ਸਾਰੇ ਅਹਮਦੀ ਮੁਸਲਮਾਨਾਂ ਨਾਲ ਗਲੱ ਕਰਨ ਦਾ ਮੌਕਾ ਮਿਲਿਆ । ਬਹੁਤ ਪ੍ਰੇਮ ਅਤੇ ਮੁਸਕਰਾਹਟ ਨਾਲ ਗਲੱ ਕਰਦੇ ਹਨ । ਮੁਹਬੱਤ ਸਭ ਲਈ ਨਫ਼ਰਤ ਕਿਸੇ ਤੋਂ ਨਹੀਂ ਦਾ ਅਮਲੀ ਨਮੂਨਾ ਵੇਖਿਆ ਅਤੇ ਇਸੇ ਮੋਟੋ ਨਾਲ ਸੰਸਾਰ ਵਿਚੱ ਅਮਨ ਹੋ ਸਕਦਾ ਹੈ ।

ਸਲਵਾਕਿਆ ਦੀ ਇਕੱ ਔਰਤ ਟੀਚਰ ਮਾਰਟੀਨਾ ਸਾਹਿਬਾ ਕਹਿੰਦੀ ਹਨ ਕਿ ਮਹਿਮਾਨਾਂ ਦੀ ਸੇਵਾ ਦਾ ਅਜਿਹਾ ਨਮੂਨਾ ਕਦੇ ਨਹੀਂ ਵੇਖਿਆ । ਬੈਅਤ ਅਤੇ ਨਮਾਜ਼ ਦੇ ਦੌਰਾਨ ਆਪਣੇ ਜਜ਼ਬਾਤਾਂ ਉੱਤੇ ਕਾਬੂ ਨਹੀਂ ਰਖੱ ਸਕੀ । ਸਲਵਾਕਿਆ ਦੇ ਇਕੱ ਹੋਰ ਮਹਿਮਾਨ ਕਹਿੰਦੇ ਹਨ ਕਿ ਜਲਸੇ ਤੋਂ ਪਹਿਲਾਂ ਇਸਲਾਮ ਬਾਰੇ ਕੁਝੱ ਪਤਾ ਨਹੀਂ ਸੀ ।

ਜਲਸੇ ਵਿਚੱ ਸ਼ਾਮਿਲ ਹੋ ਕੇ ਮੈਨੂੰ ਰਬੱ ਅਤੇ ਰਸੂਲ ਸਲੱਲਾਹੋ ਅਲੈਹਿ ਵਸਲੱਮ ਦੇ ਸਥਾਨ ਦਾ ਗਿਆਨ ਹੋਇਆ । ਡਿਊਟੀ ਦੇਣ ਵਾਲਿਆਂ ਨੇ ਵੱਡੀ ਲਗਨ ਅਤੇ ਜੋਸ਼ ਨਾਲ ਮਹਿਮਾਨਾਂ ਦੀ ਸੇਵਾ ਕੀਤੀ । ਸਲਵਾਕਿਆ ਦੇ ਇਕੱ ਹੋਰ ਮਹਿਮਾਨ ਕਹਿੰਦੇ ਹਨ ਕਿ ਮੈਨੂੰ ਅਹਮਦੀਆਂ ਦੇ ਆਚਰਣ ਅਤੇ ਸੇਵਾ ਭਾਵ ਨੇ ਬਹੁਤ ਹੈਰਾਨ ਕੀਤਾ । ਅਹਮਦੀ ਆਪਣੇ ਧਰਮ ਉੱਤੇ ਅਮਲ ਕਰਨ ਵਾਲੇ ਹਨ । ਅਲਬਾਨੀਆ ਦੇ ਇਕੱ ਮਹਿਮਾਨ ਪ੍ਰੋਫ਼ੈਸਰ ਡਾਕਟਰ ਸਾਹਿਬ ਕਹਿੰਦੇ ਹਨ ਕਿ ਜਲਸਾ ਬਹੁਤ ਸ਼ਾਨਦਾਰ ਸੀ । ਇਸ ਜਲਸੇ ਵਿਚੱ ਵੇਖਿਆ ਕਿ ਖ਼ਿਲਾਫ਼ਤ ਹੀ ਆਪ ਦੇ ਸਹਿਯੋਗ ਦਾ ਕਾਰਨ ਹੈ ।

ਬੋਸਨੀਆ ਤੋਂ ਇਤਿਹਾਸ ਦੇ ਪ੍ਰੋਫ਼ੈਸਰ ਹਾਰਸ ਸਾਹਿਬ ਕਹਿੰਦੇ ਹਨ ਕਿ ਜਲਸੇ ਵਿਚੱ ਹਰ ਚੀਜ਼ ਪਲੈਨਿੰਗ ਨਾਲ ਸੀ । ਬਹੁਤ ਚੰਗਾ ਪ੍ਰਬੰਧ ਸੀ । ਖ਼ਲੀਫ਼ਾ ਦੀ ਪਹਿਲੀ ਤਕਰੀਰ ਨਾਲ ਮੇਰਾ ਦਿਮਾਗ਼ ਸਾਫ਼ ਹੋ ਗਿਆ ਸੀ । ਉਹਨਾਂ ਨਾਲ ਮੁਲਾਕਾਤ ਨੇ ਮੇਰੇ ਦਿਮਾਗ਼ ਉੱਤੇ ਬਹੁਤ ਚੰਗਾ ਪ੍ਰਭਾਵ ਪਾਇਆ ਅਤੇ ਮੈਨੂੰ ਅਥਾਹ ਸਕੂਨ ਮਿਲਿਆ । ਬੋਸਨੀਆ ਤੋਂ ਰੈਡ ਕਰੋਸ ਦੀ ਸੈਕਟਰੀ ਇੰਦਰਾ ਹੈਦਰ ਸਾਹਿਬਾ ਕਹਿੰਦੀ ਹਨ ਕਿ ਖ਼ਲੀਫ਼ਾ ਨਾਲ ਮੁਲਾਕਾਤ ਸ਼ਾਨਦਾਰ ਰਹੀ । ਖ਼ਿਲਾਫ਼ਤ ਨੇ ਸੰਸਾਰ ਭਰ ਦੇ ਅਹਮਦੀਆਂ ਨੂੰ ਇਕੱ ਲੜ੍ਹੀ ਵਿਚੱ ਪਰੋਇਆ ਹੋਇਆ ਹੈ । ਮੈਨੂੰ ਮੁਸਲਮਾਨ ਹੋਣ ਉੱਤੇ ਫ਼ਖ਼ਰ ਮਹਿਸੂਸ ਹੋਇਆ ।

ਜਾਰਜੀਆ ਦੀ ਇਕੱ ਔਰਤ ਕਹਿੰਦੀ ਹਨ ਕਿ ਪਹਿਲੀ ਵਾਰ ਜਲਸਾ ਵੇਖਣ ਨੂੰ ਮਿਲਿਆ । ਛੋਟੇ ਵੱਡੇ ਸਾਰ ਹੀ ਬਹੁਤ ਆਸਥਾ ਨਾਲ ਕੰਮ ਕਰ ਰਹੇ ਸਨ । ਆਲਮੀ ਬੈਅਤ ਨੂੰ ਵੇਖ ਕੇ ਜਜ਼ਬਾਤ ਉੱਤੇ ਕੰਟਰੋਲ ਕਰਨਾ ਔਖਾ ਹੋ ਗਿਆ । ਜਮਾਅਤ ਦੇ ਖ਼ਲੀਫ਼ਾ ਨੇ ਕਲਮੀ ਜਿਹਾਦ ਦਾ ਵਿਚਾਰ ਸਾਡੇ ਸਾਮ੍ਹਣੇ ਰੱਖਿਆ । ਜਿਸ ਦੀ ਮੈਂ ਸੌ ਫ਼ੀ ਸਦੀ ਤਸਦੀਕ ਕਰਦੀ ਹਾਂ । ਮੇਰਾ ਪੱਕਾ ਯਕੀਨ ਹੈ ਕਿ ਸੰਸਾਰ ਭਵਿਖੱ ਵਿਚੱ ਇਸਲਾਮ ਬਾਰੇ ਸੋਚੇਗਾ ਅਤੇ ਇਸ ਰਾਹੀਂ ਰਬੱ ਨੂੰ ਪਛਾਣਨ ਵਾਲੇ ਬਣੇਗਾ ।

ਜਾਰਜੀਆ ਦੇ ਇਕੱ ਸੁੰਨੀ ਸਕਾਲਰ ਕਹਿੰਦੇ ਹਨ ਕਿ ਈਸਾਈਅਤ ਛਡੱ ਕੇ ਇਸਲਾਮ ਕਬੂਲ ਕੀਤਾ । ਮਦੀਨਾ ਸ਼ਰੀਫ਼ ਵਿਚੱ ਰਿਹਾ । ਸੁਣਿਆ ਸੀ ਕਿ ਅਹਮਦੀ ਸਾਨੂੰ ਕਾਫ਼ਰ ਕਹਿੰਦੇ ਹਨ ਅਤੇ ਉਹਨਾਂ ਦਾ ਅਕੀਦਾ ਹੋਰ ਹੈ । ਜਲਸੇ ਵਿਚੱ ਜਮਾਅਤ ਨੂੰ ਕਰੀਬ ਤੋਂ ਵੇਖਣ ਦਾ ਮੌਕਾ ਮਿਲਿਆ । ਖ਼ਲੀਫ਼ਾ ਦੇ ਖ਼ਿਤਾਬਾਂ ਨੂੰ ਧਿਆਨ ਨਾਲ ਸੁਣਿਆ ਆਪ ਲੋਕਾਂ ਨੂੰ ਕਾਫ਼ਰ ਕਹਿਣਾ ਗ਼ਲਤ ਹੈ । ਜਲਸੇ ਦੇ ਤਿੰਨ ਦਿਨਾਂ ਵਿਚੱ ਮੈਨੂੰ ਮੇਰੇ ਸਾਰੇ ਪ੍ਰਸ਼ਨਾਂ ਦੇ ਉਤੱਰ ਮਿਲ ਗਏ ।

ਕੋਸੋਵਾਹ ਤੋਂ ਆਉਣ ਵਾਲੇ ਐਜੁਕੇਸ਼ਨ ਡਰੈਕਟਰ ਕਹਿੰਦੇ ਹਨ ਕਿ ਜਲਸੇ ਦੇ ਦਿਨਾਂ ਵਿਚੱ ਖ਼ਿਤਾਬ ਸੁਣੇ, ਜੋ ਮੈਨੂੰ ਯਾਦ ਰਹਿਣਗੇ । ਮਹਿਮਾਨਾਂ ਦੀ ਸੇਵਾ ਦਾ ਅਨੁਭਵ ਸਾਡੇ ਦਿਲਾਂ ਵਿਚੱ ਸਦਾ ਰਹੇਗਾ । ਕੋਸੋਵਾਹ ਦੇ ਮੈਅਰ ਕਹਿੰਦੇ ਹਨ ਕਿ ਇਸ ਗ਼ੈਰ ਮਾਮੂਲੀ ਜਲਸੇ ਵਿਚੱ ਇਕੱਠ ਅਤੇ ਭਾਈਚਾਰੇ ਦੇ ਨਜ਼ਾਰਿਆਂ ਨੇ ਮੇਰੇ ਦਿਮਾਗ਼ ਉੱਤੇ ਡੂੰਗਾ ਪ੍ਰਭਾਵ ਪਾਇਆ ਹੈ । ਖ਼ਲੀਫ਼ਾ ਦਾ ਖ਼ਿਤਾਬ ਅਸਰ ਕਰਨ ਵਾਲਾ ਸੀ । ਮਹਿਮਾਨਾਂ ਦੀ ਸੇਵਾ ਹੈਰਾਨ ਕਰਨ ਵਾਲੀ ਸੀ ਕੈਮਰੂਨ ਦੇ ਇਕੱ ਚੀਫ਼ ਈਮਾਮ ਸਾਹਿਬ ਕਹਿੰਦੇ ਹਨ ਕਿ ਪਹਿਲੀ ਵਾਰ ਅਜਿਹੇ ਪ੍ਰੋਗਰਾਮ ਵਿਚੱ ਸ਼ਾਮਿਲ ਹੋਇਆ ਹੈਰਾਨੀ ਦੀ ਗਲੱੁ ਹੈ ਕਿ ਵੱਖੋ ਵਖੱ ਰੰਗਾਂ ਦੇ ਲੋਕ ਇਕੱ ਪਰਿਵਾਰ ਵਾਂਗ ਮਿਲੇ । ਖ਼ਲੀਫ਼ਾ ਦੇ ਖ਼ਿਤਾਬ ਹਿਕਮਤ ਨਾਲ ਭਰਪੂਰ ਅਤੇ ਇਸਲਾਮੀ ਸਿਖਿੱਆਵਾਂ ਦੇ ਪ੍ਰਤੋਹ ਸਨ । ਜੇਕਰ ਅਸੀਂ ਇਸ ਉੱਤੇ ਅਮਲ ਕਰਨ ਤਾਂ ਜੀਵਨ ਸਵਰਗ ਬਣ ਜਾਵੇਗਾ ।

ਲਿਥਵਾਨੀਆ ਦੀ ਇਕੱ ਔਰਤ ਹਨ, ਜਿਨ੍ਹਾਂ ਨੇ ਸੇਵਾ ਭਾਵ ਨਾਲ ਇਸਲਾਮੀ ਅਸੂਲ ਦੀ ਫ਼ਲਾਸਫ਼ੀ ਦਾ ਲਿਥਵਾਨੀਅਨ ਜ਼ਬਾਨ ਵਿਚੱ ਅਨੁਵਾਦ ਕੀਤਾ ਹੈ, ਕਹਿੰਦੀ ਹਨ ਕਿ ਜਲਸਾ ਸਲਾਨਾ ਨੇ ਮੈਨੂੰ ਸ਼ਾਨਦਾਰ ਮੌਕਾ

ਦਿੱਤਾ ਕਿ ਜਮਾਅਤ ਨੂੰ ਪਰਖ ਸਕਾਂ। ਜਮਾਅਤ ਅਹਮਦੀਆ ਆਪਣੇ ਮੋਟੋ ਉੱਤੇ ਹਕੀਕੀ ਰੰਗ ਵਿਚੋਂ ਅਮਲ ਕਰ ਰਹੀ ਹੈ।

ਤੁਰਕ ਔਰਤ ਟੀਚਰ ਯਾਸਮੀਨ ਸਾਹਿਬਾ, ਜੋ ਜਰਮਨੀ ਵਿਚੋਂ ਰਹਿੰਦੀ ਹਨ, ਕਹਿੰਦੀ ਹਨ ਕਿ ਖ਼ਲੀਫ਼ਾ ਦਾ ਖ਼ਿਤਾਬ ਮੇਰੇ ਪ੍ਰਸ਼ਨਾਂ ਦਾ ਉੱਤਰ ਸੀ। ਜਲਸੇ ਦਾ ਮਾਹੌਲ ਮੈਨੂੰ ਬਹੁਤ ਪਸੰਦ ਆਇਆ। ਇਨ੍ਹਾਂ ਵੱਡਾ ਇਕੱਠ ਅਤੇ ਉਹ ਵੀ ਪ੍ਰੇਮ ਦੀ ਲੜ੍ਹੀ ਵਿਚੋਂ ਪਰੋਏ ਹੋਣਾ, ਇਕ ਗ਼ੈਰ ਮਾਮੂਲੀ ਅਤੇ ਹੈਰਾਨ ਕਰਨ ਵਾਲੀ ਗਲ੍ਹ ਸੀ। ਸਰਬੀਆ ਦੇ ਇਕੱ ਪਤੱਰਕਾਰ ਕਹਿੰਦੇ ਹਨ ਕਿ ਜਲਸੇ ਵਿਚੋਂ ਆਪ ਦੇ ਚੰਗੇ ਪ੍ਰਬੰਧ ਨੇ ਹੈਰਾਨ ਕਰ ਦਿੱਤਾ। ਨ ਪ੍ਰਬੰਧ ਵਿਚੋਂ ਅਤੇ ਨ ਹੀ ਚਾਲ੍ਹੀ ਹਜ਼ਾਰ ਲੋਕਾਂ ਵਿਚੋਂ ਕੋਈ ਬੁਰਾਈ ਨਜ਼ਰ ਆਈ। ਸਰਬੀਆ ਦੀ ਇਕੱ ਹੋਰ ਪਤੱਰਕਾਰ ਔਰਤ ਕਹਿੰਦੀ ਹਨ ਕਿ ਮੇਰੇ ਦਿਲ ਵਿਚੋਂ ਪ੍ਰਬੰਧਕਾਂ ਅਤੇ ਸਰੋਤੀਆਂ ਲਈ ਪ੍ਰੇਮ ਦੇ ਜਜ਼ਬਾਤ ਹਨ। ਖ਼ਲੀਫ਼ਾ ਦੇ ਔਰਤਾਂ ਵਲ੍ਹੋਂ ਦਿੱਤੇ ਖ਼ਿਤਾਬ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ।

ਇਕੱ ਜਰਮਨ ਈਸਾਈ ਕੈਥੋਲਿਕ ਟੀ.ਵੀ ਦੇ ਨੁਮਾਇੰਦੇ ਕਹਿੰਦੇ ਹਨ ਕਿ ਖ਼ਲੀਫ਼ਾ ਦਾ ਖ਼ਿਤਾਬ ਅਸਰ ਕਰਨ ਵਾਲਾ ਸੀ। ਖ਼ਿਤਾਬ ਅਜਿਹਾ ਸੀ ਕਿ ਕੇਵਲ ਸੁਣ ਲੈਣਾ ਕਾਫ਼ੀ ਨਹੀਂ, ਚਿੰਤਨ ਕਰਨਾ ਚਾਹੀਦਾ ਹੈ। ਇਕੱ ਜਰਮਨ ਔਰਤ ਜੋ ਜਲਸੇ ਵਿਚੋਂ ਸਤਿਕਾਰ ਵੱਜੋਂ ਦੁਪੱਟਾ ਲੈ ਕੇ ਬਹਿਠੀ ਰਹੀ, ਕਹਿੰਦੀ ਹਨ ਕਿ ਖ਼ਿਤਾਬ ਦਾ ਮੇਰੇ ਦਿਲ੍ਹ ਉੱਤੇ ਅਜਿਹਾ ਅਸਰ ਹੋਇਆ ਕਿ ਮੇਰੀ ਅੱਖਾਂ ਗਿੱਲਿਆਂ ਹੋ ਗਈਆਂ। ਖ਼ਲੀਫ਼ਾ ਦੀਆਂ ਗੱਲ੍ਹਾਂ ਦਿਲ ਨੂੰ ਛੂ ਜਾਣ ਵਾਲਿਆਂ ਸਨ।

ਜਰਮਨੀ ਦੇ ਜਲਸੇ ਦੀ ਮੀਡੀਆ ਵਿਚੋਂ ਕਵਰੈਜ ਵੀ ਚੰਗੀ ਹੋਈ। 04 ਟੀ ਵੀ ਚੈਨਲਾਂ ਰਾਹੀਂ 41 ਮਿਲਿਅਨ, 11 ਅਖ਼ਬਾਰਾਂ ਰਾਹੀਂ 50 ਮਿਲਿਅਨ, 05 ਰੇਡਿਓ ਸਟੈਸ਼ਨਾਂ ਰਾਹੀਂ 14 ਮਿਲਿਆ ਅਤੇ ਔਨ ਲਾਇਨ ਰਾਹੀਂ 02 ਮਿਲਿਅਨ ਲੋਕਾਂ ਤਕੱ ਖ਼ਬਰ ਪਹੁੰਚੀ। ਉਹਨਾਂ ਦਾ ਖ਼ਿਆਲ ਹੈ ਕਿ ਇੰਝ 108 ਮਿਲਿਅਨ ਲੋਕਾਂ ਤਕੱ ਜਲਸੇ ਦੀ ਕਵਰੈਜ ਪਹੁੰਚੀ। ਰਬੱ ਹਰ ਹਾਲ ਵਿਚੋਂ ਇਸ ਦੇ ਚੰਗੇ ਨਤੀਜੇ ਪੈਦਾ ਕਰੇ। ਆਮੀਨ

ਲੋਕਾਂ ਦੇ ਜੋ ਵਿਚਾਰ ਪੈਸ਼ ਕੀਤੇ ਹਨ। ਰਬੱ ਦਾ ਧੰਨਵਾਦ ਅਤੇ ਮਿਹਰ ਹੈ ਕਿ ਉਹ ਸਾਡਾ ਪਰਦਾ ਰਖੱਦਾ ਹੈ। ਵੱਖੋ ਵਖੱ ਮਸਜਿਦਾਂ ਦੇ ਉਦਘਾਟਨ ਉੱਤੇ ਵੀ ਲੋਕਾਂ ਨੇ ਚੰਗੇ ਵਿਚਾਰ ਪ੍ਰਕਟ ਕੀਤੇ ਕਿ ਇਸਲਾਮ ਬਾਰੇ ਸਾਡੀ ਰਾਏ ਬਦਲ ਗਈ। ਸ਼ਕਾਯਤ ਵੀ ਕੀਤੀ ਕਿ ਸਾਡੀ ਪਛਾਣ ਵਾਲੇ ਅਹਮਦੀਆਂ ਨੇ ਸਾਨੂੰ ਇਸਲਾਮ ਦੀ ਇਸ ਸੋਹਣੀ ਸਿਖਿੱਆ ਬਾਰੇ ਕਦੇ ਦਸਿੱਆ ਹੀ ਨਹੀ। ਸੋ, ਹਰ ਅਹਮਦੀ ਨੂੰ ਬਿਨਾਂ ਡਰੇ ਇਸਲਾਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਜਾਣ ਪਛਾਣ ਕਰਵਾਉਣੀ ਚਾਹੀਦੀ ਹੈ। ਕੇਵਲ ਲਿਫ਼ਲੈਟਸ ਵੰਡ ਦੇਣਾ ਸਾਡਾ ਉਦੇਸ਼ ਪੂਰਾ ਨਹੀਂ ਕਰਦਾ। ਲੋਕਾਂ ਨੂੰ ਹਾਲੇ ਵੀ ਧਰਮ ਦੀ ਗੱਲ੍ਹਾਂ ਸੁਣਨ ਦਾ ਸ਼ੌਕ ਹੈ।

ਸਾਨੂੰ ਹਰ ਥਾਂ ਆਪਣੀ ਪੜ੍ਹਚੋਲ ਕਰਨ ਦੀ ਲੋੜ ਹੈ। ਕਮਜ਼ੋਰੀਆਂ ਉੱਤੇ ਧਿਆਨ ਦੇਣਾ ਚਾਹੀਦਾ ਹੈ। ਸੁਧਾਰ ਦੀ ਬਹੁਤ ਥਾਂ ਹੈ। ਚੰਗੇ ਤੋਂ ਚੰਗੇ ਦੀ ਭਾਲ ਕਰਦੇ ਰਹਿਣਾ ਚਾਹੀਦਾ ਹੈ। ਦੂਆ ਕਰਕੇ ਅਤੇ ਰਬੱ ਤੋਂ ਮਦਦ ਮੰਗਦੇ ਹੋਏ ਕੰਮ ਦਾ ਆਰੰਭ ਕਰਨਾ ਚਾਹੀਦਾ ਹੈ। ਪ੍ਰਬੰਧਕਾਂ ਅਤੇ ਸਰੋਤੀਆਂ ਨੂੰ ਸਦਾ ਜਲਸੇ ਦੇ ਉਦੇਸ਼ਾਂ ਨੂੰ ਪੂਰਾ ਕਰਨ ਦੀ ਭਰਪੂਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਰਬੱ ਸਾਡੇ ਉੱਤੇ ਰਹਿਮ ਕਰੇ ਅਤੇ ਅੱਗੇ ਤੋਂ ਸਭ ਨੂੰ ਚੰਗੇ ਰੰਗ ਵਿਚੋਂ ਜਲਸੇ ਦੇ ਉਦੇਸ਼ ਨੂੰ ਪੂਰਾ ਕਰਨ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُلِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔